# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਮੀਮੋ ਨੰ. ਸਸਅ/ਕੋਆਰਡੀਨੇਸ਼ਨ/09/74895
ਮਿਤੀ ਚੰਡੀਗੜ੍ਹ 04.11.09

**ਵਿਸ਼ਾ** **New Central Sector Scheme of Interest Subsidy on Educational Loans taken by students from economically weaker sections to pursue technical / professional education in India under the Educational Loan Scheme of the Indian Banks Associations reg.**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਕੇਂਦਰੀ ਸਰਕਾਰ ਵੱਲੋਂ ਗਿਆਰਵੀਂ ਅਤੇ ਬਾਰ੍ਹਵੀਂ ਕਲਾਸਾਂ ਦੇ ਵਿੱਚ ਪੜ੍ਹਣ ਵਾਲੇ ਗਰੀਬ ਵਿਦਿਆਰਥੀ ਆਪਣੇ ਕੋਲ ਲੋੜੀਂਦੇ ਫੰਡਜ ਨਾ ਹੋਣ ਕਰਕੇ ਆਪਣੀ ਅਗਲੇਰੀ ਪੜ੍ਹਾਈ ਪ੍ਰੋਫੈਸ਼ਨਲ ਕੋਰਸਿਜ਼ ਵਿੱਚ ਨਹੀਂ ਕਰ ਪਾਉਂਦੇ ਹਨ। ਇਸ ਸਮੱਸਿਆ ਨੂੰ ਮੁੱਖ ਰੱਖਦੇ ਹੋਇਆ ਭਾਰਤ ਸਰਕਾਰ ਵੱਲੋਂ ਇੱਕ ਸੈਂਟਰਲੀ ਸਪਾਂਸਰਡ ਸਕੀਮ ਬਣਾਈ ਗਈ ਹੈ। ਜਿਸ ਅਧੀਨ ਗਰੀਬ ਵਿਦਿਆਰਥੀਆਂ ਨੂੰ ਦਿੱਤੇ ਐਜੂਕੇਸ਼ਨਲ ਲੋਨ ਤੇ ਇੰਟ੍ਰਸਟ ਸਬਸਿਡੀ ਅਤੇ ਮੋਰੇਟੋਰੀਅਮ ਦੇ ਸਮੇਂ ਬਾਰੇ ਆਪਣੇ ਪੱਤਰ ਨੰ. ਐਫ.11.3/2006/ਯੂ.ਐਸ. ਮਿਤੀ 08.09.2009 ਰਾਹੀਂ ਸਕੀਮ ਲਾਗੂ ਕੀਤੀ ਗਈ ਹੈ ਜਿਸ ਦਾ ਇੱਕ ਉਤਾਰਾ ਆਪ ਜੀ ਨੂੰ ਇਸ ਪੱਤਰ ਰਾਹੀਂ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ। ਇਸ ਸਕੀਮ ਦਾ ਸਾਰ ਹੇਠਾਂ ਦਿੱਤਾ ਜਾਂਦਾ ਹੈ:-

2 (i) ਇਹ ਸਕੀਮ ਟੈਕਨੀਕਲ ਅਤੇ ਪ੍ਰੋਫੈਸ਼ਨਲ ਕੋਰਸਿਜ ਦੀ ਸਟੱਡੀ ਲਈ ਲਾਗੂ ਕੀਤੀ ਜਾਵੇਗੀ। ਇੰਟਰਸਟ ਸਬਸਿਡੀ ਆਈ.ਬੀ.ਏ. ਦੀਆਂ ਮੌਜੂਦਾ ਐਜੂਕੇਸ਼ਨਲ ਲੋਨ ਸਕੀਮ ਨਾਲ ਲਿੰਕ ਕੀਤੀ ਜਾਵੇਗੀ ਅਤੇ ਬਾਰ੍ਹਵੀਂ ਕਲਾਸ ਤੋਂ ਬਾਅਦ ਦੇ ਰਿਕਗਨਾਈਜਡ ਪ੍ਰੋਫੈਸ਼ਨਲ ਕੋਰਸ ਉਹਨਾਂ ਵਿਦਿਅਕ ਸੰਸਥਾਵਾਂ ਵਿੱਚ ਜੋ ਕਿ ਪਾਰਲੀਆਮੈਂਟ ਦੇ ਕਾਨੂੰਨਾਂ ਅਧੀਨ ਸਥਾਪਤ ਹੋਈਆਂ ਹਨ ਜਾਂ ਹੋਰ ਸੰਸਥਾਵਾਂ, ਆਈ.ਆਈ.ਐਮ. ਵਲੋਂ ਮਾਨਤਾਪ੍ਰਾਪਤ ਹਨ ਜਾਂ ਕੇਂਦਰੀ ਸਰਕਾਰ ਵਲੋਂ ਸਥਾਪਤ ਕੀਤੀਆਂ ਗਈਆਂ ਸੰਸਥਾਵਾਂ ਵਿੱਚ ਕੋਰਸ ਕਰਨ ਵਾਲੇ ਵਿਦਿਆਰਥੀਆਂ ਤੱਕ ਹੀ ਸੀਮਿਤ ਹੋਵੇਗੀ।

(ii) ਇਸ ਸਕੀਮ ਅਧੀਨ ਅਜਿਹੇ ਵਿਦਿਆਰਥੀ ਜਿਸ ਨੇ ਇੰਡੀਅਨ ਬੈਂਕਾਂ ਦੀ ਐਸ਼ੋਸੀਏਸ਼ਨ ਦਾ ਐਜੂਕੇਸ਼ਨਲ ਲੋਨ ਸਕੀਮ ਅਧੀਨ ਪ੍ਰੋਫੈਸ਼ਨਲ ਕੋਰਸਿਜ ਲਈ ਕਰਜਾ ਲਿਆ ਹੋਇਆ ਹੈ, ਵੱਲੋਂ ਮੋਰੇਟੋਰੀਅਮ ਸਮੇਂ ਦਾ ਦੇਣਯੋਗ ਵਿਆਜ (ਕੋਰਸ ਸਮਾਂ + ਨੌਕਰੀ ਲੱਗਣ ਤੋਂ ਇੱਕ ਸਾਲ ਜਾਂ ਛੇ ਮਹੀਨੇ ਤੋਂ ਬਾਅਦ, ਜੋ ਵੀ ਪਹਿਲਾਂ ਹੋਵੇ) ਇੰਡੀਅਨ ਬੈਂਕਸ ਐਸੋਸੀਏਸ਼ਨ ਵਿਆਜ ਵਲੋਂ ਨਿਰਧਾਰਤ ਕੀਤੀ ਵਿਆਜ ਦੀ ਰਕਮ, ਸਰਕਾਰ ਵਲੋਂ ਦਿੱਤੀ ਜਾਵੇਗੀ। ਮੋਰੇਟੋਰੀਅਲ ਦਾ ਸਮਾਂ ਖਤਮ ਹੋਣ ਤੋਂ ਬਾਅਦ ਲੱਗਣ ਵਾਲੇ ਵਿਆਜ ਦੀ ਰਕਮ ਵਿਦਿਆਰਥੀਆਂ ਵੱਲੋਂ ਕਰਜੇ ਦੀਆਂ ਸ਼ਰਤਾਂ ਅਨੁਸਾਰ ਦਿੱਤੀ ਜਾਵੇਗੀ।

(iii) ਇਸ ਸਕੀਮ ਅਧੀਨ ਲਾਭ ਸਿਰਫ ਉਹਨਾਂ ਵਿਦਿਆਰਥੀਆਂ ਤੇ ਹੀ ਲਾਗੂ ਹੋਵੇਗਾ ਜੋ ਕਿ ਆਰਥਿਕ ਤੌਰ ਕਮਜ਼ੋਰ ਵਰਗ ਨਾਲ ਸਬੰਧਤ ਹਨ ਅਤੇ ਜਿਹਨਾਂ ਦੀ ਸਲਾਨਾ ਆਮਦਨੀ 4.5 ਲੱਖ ਰੁਪਏ ਤੱਕ ਹੈ।

(iv) ਇਸ ਸਕੀਮ ਅਧੀਨ ਇੰਟਰਸਟ ਸਬਸਿਡੀ ਯੋਗ ਵਿਦਿਆਰਥੀਆਂ ਨੂੰ ਸਿਰਫ ਇੱਕੋ ਵਾਰ ਜਦੋਂ ਉਹ ਪਹਿਲੇ ਅੰਡਰ ਗਰੈਜੂਏਟ ਡਿਗਰੀ ਕੋਰਸ ਜਾਂ ਪੋਸਟ ਗਰੈਜੂਏਟ ਡਿਗਰੀ/ਡਿਪਲੋਮਾ ਕੋਰਸ ਕਰਦੇ ਹਨ, ਮਿਲੇਗੀ। ਇੰਟਰਸਟ ਸਬਸਿਡੀ ਸਾਂਝੇ ਅੰਡਰ-ਗਰੈਜੂਏਟ ਅਤੇ ਪੋਸਟ ਗਰੈਜੂਏਟ ਲਈ ਮਿਲਣਯੋਗ ਹੋਵੇਗੀ।

(v) ਇਸ ਸਕੀਮ ਅਧੀਨ ਇੰਟਰਸਟ ਸਬਸਿਡੀ ਉਹਨਾਂ ਵਿਦਿਆਰਥੀਆਂ ਨੂੰ ਨਹੀਂ ਦਿੱਤੀ ਜਾਵੇਗੀ ਜੋ ਜਾਂ ਤਾਂ ਆਪਣਾ ਕੋਰਸ ਅੱਧ ਵਿੱਚਕਾਰ ਛੱਡ ਜਾਂਦੇ ਹਨ ਜਾਂ ਸੰਸਥਾ ਵੱਲੋਂ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਕੱਢ ਦਿੱਤੇ ਜਾਂਦੇ ਹਨ। ਜੇਕਰ ਬਿਮਾਰੀ ਕਰਕੇ ਕੋਰਸ ਛੱਡਣਾ ਪੈਂਦਾ ਹੈ ਤਾਂ ਸੰਸਥਾ ਦੇ ਮੁੱਖੀ ਨੂੰ ਤਸੱਲੀਬਖ਼ਸ ਦਸਤਾਵੇਜ ਵਿਖਾਉਣ ਤੇ ਪੜ੍ਹਾਈ ਦੇ ਅਸਲ ਸਮੇਂ ਲਈ ਇੰਟਰਸਟ ਸਬਸਿਡੀ ਦਿੱਤੀ ਜਾਵੇਗੀ।

(vi) ਵਿਦਿਆਰਥੀ ਨੂੰ ਮਿਲਣ ਵਾਲੀ ਡਿਗਰੀ ਤੇ ਉਸ ਵੱਲੋਂ ਦੇਣਯੋਗ ਰਕਮ ਦਾ ਵੇਰਵਾ ਟੈਗ/ਮਾਰਕ ਕੀਤਾ ਜਾਵੇਗਾ।

(vii) ਨੈਸ਼ਨਲ ਮਾਈਨੋਰਿਟੀ ਡਿਵੈਲਪਮੈਂਟ ਅਤੇ ਫਾਇਨੈਂਸ ਕਾਰਪੋਰੇਸ਼ਨ (ਐਨ.ਐਮ.ਡੀ.ਐਫ.ਸੀ.) ਦੀ ਆਪਣੀ ਸਿੱਖਿਆ ਕਰਜਾ ਸਕੀਮ ਹੈ ਜੋ ਕਿ ਸਟੇਟ ਚੈਨੇਲਾਈਜਿੰਗ ਏਜੰਸੀਆਂ ਵੱਲੋਂ ਲਾਗੂ ਕੀਤੀ ਜਾਂਦੀ ਹੈ। ਭਾਰਤ ਸਰਕਾਰ ਦੇ ਸੋਸ਼ਲ ਜਸਟਿਸ ਅਤੇ ਇੰਮਪਾਵਰਮੈਂਟ ਮੰਤਰਾਲੈ, ਨੈਸ਼ਨਲ ਸਫਾਈ ਕਰਮਚਾਰੀ ਫਾਇਨੈਂਸ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਵੀ ਟਾਰਗੈਟ ਗਰੁੱਪ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਕਰਜੇ ਦਿੱਤੇ ਜਾਂਦੇ ਹਨ। ਇਨ੍ਹਾਂ ਕਰਜਿਆਂ ਤੇ ਲੱਗਣ ਵਾਲੇ ਵਿਆਜ ਨੂੰ ਮੋਰੇਟੋਰੀਅਮ

ਦੇ ਸਮੇਂ ਲਈ ਕਰਜੇ ਦੀ ਸਕੀਮ ਦੀਆਂ ਸ਼ਰਤਾਂ ਅਨੁਸਾਰ ਸਬਸੀਡਾਈਜ਼ ਕੀਤਾ ਜਾਵੇਗਾ ਜੇਕਰ ਕਰਜਾ ਬਾਰ੍ਹਵੀਂ ਜਮਾਤ ਤੋਂ ਬਾਅਦ ਕਰਨ ਵਾਲੇ ਪ੍ਰੋਫੈਸ਼ਨਲ ਕੋਰਸਾਂ ਲਈ ਲਿਆ ਗਿਆ ਹੈ।

(viii) ਇਹ ਸਕੀਮ ਕੈਨਰਾ ਬੈਂਕ ਜੋ ਕਿ ਭਾਰਤ ਸਰਕਾਰ ਦੇ ਐਮ.ਐਚ.ਆਰ.ਡੀ. ਮੰਤਰਾਲੇ ਵੱਲੋਂ ਨੋਡਲ ਬੈਂਕ ਹੈ, ਦੇ ਰਾਹੀਂ ਲਾਗੂ ਕੀਤੀ ਜਾਵੇਗੀ। ਸਕੀਮ ਨੂੰ ਲਾਗੂ ਕਰਨ ਅਤੇ ਮਾਨੀਟਰਿੰਗ ਦੇ ਮਕੈਨਿਜ਼ਮ ਨੂੰ ਕੈਨਰਾ ਬੈਂਕ ਦੀ ਸਲਾਹ ਨਾਲ ਤੈਅ ਕੀਤਾ ਜਾਵੇਗਾ।

(ix) ਸਕੀਮ ਅਕਾਦਮਿਕ ਸਾਲ 2009-10 ਤੋਂ ਲਾਗੂ ਕੀਤੀ ਜਾਵੇਗੀ।

(x) ਪ੍ਰੋਫੈਸ਼ਨਲ ਕੋਰਸਾਂ ਦੀ ਸੂਚੀ, ਜਿਹਨਾਂ ਲਈ ਇਹ ਸਕੀਮ ਲਾਗੂ ਕੀਤੀ ਹੈ, ਬਾਰੇ ਸਬੰਧਤ ਮੰਤਰਾਲੇ /ਵਿਭਾਗ ਅਤੇ ਇੰਡੀਅਨ ਬੈਂਕ ਐਸੋਸੀਏਸ਼ਨ ਨਾਲ ਸਲਾਹ ਮਸ਼ਵਰੇ ਬਾਅਦ ਅੰਤਮ ਰੂਪ ਦੇ ਕੇ ਛਾਪਿਆ ਜਾਵੇਗਾ।

(xi) ਸਕੀਮ ਅਧੀਨ ਵੱਖ-ਵੱਖ ਵਰਗਾਂ ਐਸ.ਸੀ., ਐਸ.ਟੀ., ਮਾਇਨੌਰਟੀਜ, ਅਪੰਗ ਆਦਿ ਬਾਰੇ ਵੱਖਰੇ ਤੌਰ ਤੇ ਫੈਸਲਾ ਕੀਤਾ ਜਾਵੇਗਾ।

ਆਮਦਨੀ ਦਾ ਸਬੂਤ ਰਾਜ ਸਰਕਾਰ ਵੱਲੋਂ ਨਿਰਧਾਰਤ ਅਥਾਰਟੀ ਜੋ ਕਿ ਅਜਿਹੇ ਸਰਟੀਫਿਕੇਟ ਦੇਣ ਲਈ ਸਮਰੱਥ ਹੈ, ਵੱਲੋਂ ਲੈ ਕੇ ਦਿੱਤਾ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।